# ਵਰਲਡ ਪੰਜਾਬੀ ਟਾਈਮਜ਼

# WORLD PUNJABI TIMES

A Punjabi News Protal & Epaper From Winnipeg, Canada

Visit us at : www.worldpunjabitimes.com

Mob: 7973333573, +1 (418) 887-0162

Epaper World Punjabi Times | 25 ਅਪ੍ਰੈਲ 2024 ਦਿਨ ਵੀਰਵਾਰ | ਈ-ਪੇਪਰ ਵਰਲਡ ਪੰਜਾਬੀ ਟਾਈਮਜ਼


## ਪ੍ਰਵਾਸੀ ਭਾਰਤੀ ਪੂਰਨ ਸਿੰਘ ਵਿਰਕ ਨੇ ਮਿਡਲ ਸਕੂਲ ਚਹਿਲ ਵਿਖੇ ਮੱਛੀ ਮੋਟਰ ਲਗਵਾ ਕੇ ਦਿੱਤੀ

ਵਰਲਡ ਪੰਜਾਬੀ ਟਾਈਮਜ਼ ਧਰਮ ਪ੍ਰਵਾਨਾਂ

ਫ਼ਰੀਦਕੋਟ, 25 ਅਪ੍ਰੈਲ :ਸਰਕਾਰੀ ਮਿਡਲ ਸਕੂਲ ਚਹਿਲ ਵਿਖੇ ਉੱਘੇ ਸਮਾਜ ਸੇਵੀ ਪੂਰਨ ਸਿੰਘ ਵਿਰਕ ਯੂ.ਕੇ.ਵਾਲਿਆਂ ਨੇ ਸਕੂਲ ਅਧਿਆਪਕਾਂ ਦੀ ਮੰਗ ਤੇ ਸਕੂਲ ਵਿੱਚ ਮੱਛੀ ਮੋਟਰ ਲਗਵਾ ਕੇ ਦਿੱਤੀ। ਇਸ ਕਾਰਜ ’ਚ ਸਮਾਜ ਸੇਵੀ ਜਸਵਿੰਦਰ ਸਿੰਘ ਵਿਰਕ ਨੇ ਪੂਰਨ ਸਹਿਯੋਗ ਦਿੱਤਾ। ਇਸ ਮੌਕੇ ਪੂਰਨ ਸਿੰਘ ਵਿਰਕ ਅਤੇ ਜਸਵਿੰਦਰ ਸਿੰਘ ਵਿਰਕ ਨੇ ਸਕੂਲ ਦੇ ਹੋਣਹਾਰ




ਬੱਚਿਆਂ ਦਾ ਸਨਮਾਨ ਵੀ ਕੀਤਾ। ਇਸ ਮੌਕੇ ਸਕੂਲ ਮੁਖੀ ਲਵਲੀਨ ਕੌਰ ਅਤੇ ਸਮੂਹ ਸਟਾਫ ਮੈਂਬਰਾਂ ਵੱਲੋਂ ਦਾਨੀ ਸੱਜਣਾਂ ਦਾ ਸਨਮਾਨ ਵੀ ਕੀਤਾ ਗਿਆ। ਸਮੂਹ ਸਟਾਫ਼ ਨੇ ਇਸ ਨੇਕ ਕਾਰਜ ਲਈ ਵਿਰਕ ਪ੍ਰੀਵਾਰ ਦਾ ਧੰਨਵਾਦ ਵੀ ਕੀਤਾ ਗਿਆ। ਇਸ ਸਮੇਂ ਸਕੂਲ ਸਟਾਫ਼ ’ਚੋ ਮਨਦੀਪ ਕੌਰ, ਰਾਜਵਿੰਦਰ ਕੌਰ, ਸਰੋਜ ਰਾਣੀ, ਗੁਰਦਿੱਤ ਸਿੰਘ, ਬੀਬੀ ਸ਼ੀਲਾ ਦੇਵੀ, ਪਰਮਜੀਤ ਕੌਰ ਅਤੇ ਜੈ ਬਾਈ ਹਾਜ਼ਰ ਸਨ।

## ਗੁਰਦਾ ਬਦਲੀ ਦੀ ਸਥਿਤੀ ‘ਤੇ ਪਹੁੰਚੇ ਮਰੀਜ਼ ਨੂੰ ਉਚੇਚੇ ਤੌਰ’ ਤੇ ਖੂਨ ਦੇਣ ਪਹੁੰਚੇ ਦਸਮੇਸ਼ ਕਲੱਬ ਰੋਪੜ ਦੇ ਖੂਨਦਾਨੀ

ਵਰਲਡ ਪੰਜਾਬੀ ਟਾਈਮਜ਼ ਗੁਰਬਿੰਦਰ ਸਿੰਘ ਰੋਮੀ

ਰੋਪੜ, 25 ਅਪ੍ਰੈਲ : ਆਪਣੇ ਲੋਕ ਭਲਾਈ ਕਾਰਜਾਂ ਲਈ ਪ੍ਰਸਿੱਧ ਦਸ਼ਮੇਸ਼ ਯੂਥ ਕਲੱਬ ਗ੍ਰੀਨ ਐਵੇਨਿਊ ਕਲੌਨੀ ਰੋਪੜ ਦਾ ਖੂਨਦਾਨ ਖੇਤਰ ਵਿੱਚ ਵੀ ਅਹਿਮ ਸਥਾਨ ਹੈ। ਕਲੱਬ ਪ੍ਰਧਾਨ ਗੁਰਪ੍ਰੀਤ ਸਿੰਘ ਭਾਉਵਾਲ ਨੇ ਦੱਸਿਆ ਕਿ ਉਹਨਾਂ ਕੋਲ਼ ਦਾਨੀਆਂ



ਦੀਆਂ ਗਰੁੱਪਾਂ ਅਨੁਸਾਰ ਬਾਕਾਇਦਾ ਲਿਸਟਾਂ ਹਨ। ਜਿਨ੍ਹਾਂ ਨੂੰ ਕਿਤੇ ਵੀ ਐਮਰਜੈਂਸੀ ਹੋਣ ‘ਤੇ ਸੰਪਰਕ ਕਰ ਲਿਆ ਜਾਂਦਾ ਹੈ। ਇਸੇ ਦੇ ਚਲਦਿਆਂ ਕੱਲ੍ਹ ਮੈਕਸ ਹਸਪਤਾਲ ਮੋਹਾਲੀ ਵਿਖੇ ਗੁਰਦਾ ਬਦਲੀ ਅਪ੍ਰੇਸ਼ਨ ਵਾਲ਼ੇ ਮਰੀਜ਼ ਲਈ ਕਲੱਬ ਵੱਲੋਂ ਤੁਰੰਤ ਸ਼ਿਵ ਰਾਮ, ਰੁਪਿੰਦਰ ਕੁਮਾਰ ਅਤੇ ਜਗਪਾਲ ਸਿੰਘ ਨੇ ਖ਼ੂਨ ਦਾਨ ਕੀਤਾ।

## ਲੇਖਕ ਤੇ ਸ਼ਾਇਰ ਮਹਿੰਦਰ ਸੂਦ ਵਿਰਕ ਦੇ ਤੀਸਰੇ ਕਾਵਿ ਸੰਗ੍ਰਹਿ “ਸੱਚ ਵਾਂਗ ਕੱਚ” ਦਾ ਜਲਦ ਹੀ ਹੋਵੇਗਾ ਲੋਕ ਅਰਪਣ-

ਵਰਲਡ ਪੰਜਾਬੀ ਟਾਈਮਜ਼

25 ਅਪ੍ਰੈਲ : ਪੰਜਾਬ ਦੇ ਪ੍ਰਸਿੱਧ ਲੇਖਕ ਅਤੇ ਗੀਤਕਾਰ ਮਹਿੰਦਰ ਸੂਦ ਵਿਰਕ ਦੇ ਹੁਣ ਤੱਕ ਦੋ ਕਾਵਿ ਸੰਗ੍ਰਹਿ “ਸੱਚ ਦਾ ਹੋਕਾ” ਅਤੇ “ਸੱਚ ਕੌੜਾ ਆ” ਪਾਠਕਾਂ ਦੀ ਕਚਹਿਰੀ ਵਿੱਚ ਆ ਚੁੱਕੇ ਹਨ। ਇਨ੍ਹਾਂ ਦੋਨੋਂ ਕਾਵਿ ਸੰਗ੍ਰਹਿ ਨੂੰ ਪਾਠਕਾਂ ਦਾ ਭਰਪੂਰ ਪਿਆਰ ਮਿਲ ਰਿਹਾ ਹੈ। ਜਿਸ ਲਈ ਲੇਖਕ ਤੇ ਸ਼ਾਇਰ ਮਹਿੰਦਰ ਸੂਦ ਵਿਰਕ ਨੇ ਪਾਠਕਾਂ ਦਾ ਧੰਨਵਾਦ ਕਰਦਿਆਂ ਦੱਸਿਆ ਕਿ ਇਸ ਪਿਆਰ ਲਈ ਉਹਨਾਂ ਦੀ ਪੂਰੀ ਕੋਸ਼ਿਸ਼ ਹੈ ਕਿ ਜਲਦ ਹੀ ਆਪਣਾ ਤੀਸਰਾ ਕਾਵਿ ਸੰਗ੍ਰਹਿ “ਸੱਚ ਵਾਂਗ ਕੱਚ ” ਨੂੰ ਈ-ਕਿਤਾਬ ਦੇ ਰੂਪ ਵਿੱਚ ਲੋਕ ਅਰਪਣ ਕਰਨ ਗਏ ਅਤੇ ਇਹ ਕਾਵਿ ਸੰਗ੍ਰਹਿ ਉਹ ਆਪਣੇ ਸਵਰਗੀ ਪਿਤਾ ਸ੍ਰੀ ਗੁਲਜ਼ਾਰ ਚੰਦ ਸੂਦ ਜੀ ਦੀ ਯਾਦ ਵਿੱਚ ਸਮਰਪਿਤ ਕਰਨਗੇ। ਉਹਨਾਂ ਇਹ ਵੀ ਦੱਸਿਆ ਕਿ ਇਸ ਤੀਸਰੇ ਕਾਵਿ ਸੰਗ੍ਰਹਿ ਦੀ ਸੰਪਾਦਿਕਾ ਵੀ ਕੁਮਾਰੀ ਅਮਨਦੀਪ ਬੱਧਣ ਹੀ ਹੋਣਗੇ। ਉਹਨਾਂ ਨੇ ਵਿਸ਼ੇਸ਼ ਤੌਰ ਤੇ ਪ੍ਰਿੰਟ ਅਤੇ ਡਿਜ਼ੀਟਲ ਮੀਡੀਏ ਧੰਨਵਾਦ ਕੀਤਾ।

## ਸਰਕਾਰੀ ਕਾਲਜ ਆਫ਼ ਐਜੂਕੇਸ਼ਨ ਫ਼ਰੀਦਕੋਟ ਵਿਖੇ ਵਿਸ਼ਵ ਧਰਤੀ ਦਿਵਸ ਮਨਾਇਆ

ਵਰਲਡ ਪੰਜਾਬੀ ਟਾਈਮਜ਼ ਧਰਮ ਪ੍ਰਵਾਨਾਂ

ਫ਼ਰੀਦਕੋਟ, 25 ਅਪ੍ਰੈਲ : ਦੇਸ ਪੰਡਤ ਚੇਤਨ ਦੇਵ ਸਰਕਾਰੀ ਕਾਲਜ ਆਫ਼ ਐਜੂਕੇਸ਼ਨ ਫ਼ਰੀਦਕੋਟ ਵਿਖੇ ਪ੍ਰਿੰਸੀਪਲ ਰਾਜੇਸ਼ ਕੁਮਾਰ ਦੀ ਯੋਗ ਸਰਪ੍ਰਸਤੀ ਅਤੇ ਵਾਈਸ ਪ੍ਰਿੰਸੀਪਲ ਪ੍ਰੋ.ਮੰਜੂ ਕਪੂਰ ਦੀ ਯੋਗ ਅਗਵਾਈ ਹੇਠ ਵਿਸ਼ਵ ਧਰਤੀ ਦਿਵਸ ਮਨਾਇਆ



ਗਿਆ। ਇਸ ਮੌਕੇ ਕਾਲਜ ਦੇ ਪ੍ਰੋਫ਼ੈਸਰ ਡਾ.ਕੰਵਲਦੀਪ ਸਿੰਘ, ਪ੍ਰੋ.ਸੰਦੀਪ ਸਿੰਘ, ਪ੍ਰੋ. ਡਾ.ਰੁਪਿੰਦਰਜੀਤ ਕੌਰ, ਪ੍ਰੋ.ਰਣਜੀਤ ਸਿੰਘ ਬਾਜਵਾ, ਪ੍ਰੋ.ਰਾਜੇਸ਼ਵਰੀ ਦੇਵੀ, ਪ੍ਰੋ.ਸੁਖਪਾਲ ਕੌਰ ਨੇ ਸੰਬੋਧਨ ਕਰਦਿਆਂ ਵਿਦਿਆਰਥੀਆਂ ਧਰਤੀ ਨੂੰ ਹਰ ਪ੍ਰਕਾਰ ਤਰ੍ਹਾਂ ਦੇ ਪ੍ਰਦੂਸ਼ਣ ਤੋਂ ਮੁਕਤ ਕਰਨ ਵਾਸਤੇ ਪ੍ਰੇਰਿਤ ਕੀਤਾ। ਉਨ੍ਹਾਂ ਦੱਸਿਆ ਕਿ ਸਾਨੂੰ ਧਰਤੀ ਦਾ ਸ਼ਿੰਗਾਰ ਕਰਨ ਵਾਸਤੇ ਵੱਧ ਤੋਂ ਵੱਧ ਪੌਦੇ ਲਗਾਉਣੇ ਚਾਹੀਦੇ ਹਨ। ਇਸ ਮੌਕੇ ਪ੍ਰੋਫ਼ੈਸਰ ਸਾਹਿਬਾਨ ਅਤੇ ਕਾਲਜ ਦੇ ਵਿਦਿਆਰਥੀਆਂ ਨੇ ਮਿਲ ਕੇ ਕਾਲਜ ਕੈਂਪਸ ’ਚ ਪੌਦੇ ਲਗਾਏ। ਇਸ ਸੇਵਾਦਾਰ ਸੇਵਕ ਰਾਮ ਅਤੇ ਕਾਲਜ ਦੇ ਵਿਦਿਆਰਥੀ ਹਾਜ਼ਰ ਸਨ।

## ਲੋਕ ਸਭਾ ਚੋਣਾਂ-2024

## 37840 ਨੌਜਵਾਨ ਵੋਟਰ ਪਹਿਲੀ ਵਾਰ ਕਰਨਗੇ ਆਪਣੀ ਵੋਟ ਦਾ ਇਸਤੇਮਾਲ : ਜਸਪ੍ਰੀਤ ਸਿੰਘ

ਵਰਲਡ ਪੰਜਾਬੀ ਟਾਈਮਜ਼ ਗੁਰਪ੍ਰੀਤ ਚਹਿਲ



ਬਠਿੰਡਾ, 25 ਅਪ੍ਰੈਲ : ਜ਼ਿਲ੍ਹਾ ਚੋਣ ਅਫਸਰ-ਕਮ-ਡਿਪਟੀ ਕਮਿਸ਼ਨਰ ਸ੍ਰ. ਜਸਪ੍ਰੀਤ ਸਿੰਘ ਨੇ ਦੱਸਿਆ ਕਿ ਲੋਕ ਸਭਾ ਚੋਣਾਂ-2024 ਨੂੰ ਸਫ਼ਲਤਾਪੂਰਵਕ ਢੰਗ ਨਾਲ ਨੇਪਰੇ ਚੜਾਉਣ ਲਈ ਤਾਇਨਾਤ ਕੀਤੇ ਚੋਣ ਅਮਲੇ ਵਲੋਂ ਪੂਰੀ ਤਨਦੇਹੀ ਤੇ ਜਿੰਮੇਵਾਰੀ ਨਾਲ ਆਪੋਂ-ਆਪਣੀਆਂ ਡਿਊਟੀਆਂ ਨਿਭਾਈਆਂ ਜਾਣਗੀਆਂ। ਉਨ੍ਹਾਂ ਕਿਹਾ ਕਿ ਲੋਕ ਸਭਾ ਚੋਣਾਂ-2024 ਦੌਰਾਨ ਭਾਰਤੀ ਚੋਣ ਕਮਿਸ਼ਨ ਦੁਆਰਾ ਇਸ ਵਾਰ 70 ਪਾਰ ਦੇ ਮੱਦੇਨਜ਼ਰ ਲੋਕ ਸਭਾ ਹਲਕਾ ਬਠਿੰਡਾ ਅੰਦਰ ਵੋਟ ਪੋਲ ਦੇ ਟੀਚੇ ਨੂੰ ਪ੍ਰਾਪਤ ਕਰਨ ਹਿੱਤ ਵੱਧ ਤੋਂ ਵੱਧ ਭਾਗੀਦਾਰੀ ਨੂੰ ਯਕੀਨੀ ਬਣਾਇਆ ਜਾਵੇਗਾ।

ਜ਼ਿਲ੍ਹਾ ਚੋਣ ਅਫ਼ਸਰ ਨੇ ਹੋਰ ਦੱਸਿਆ ਕਿ ਲੋਕ ਸਭਾ ਹਲਕਾ ਬਠਿੰਡਾ ਅਧੀਨ ਪੈਂਦੇ 9 ਵਿਧਾਨ ਸਭਾ ਹਲਕਿਆਂ 83-ਲੰਬੀ, 91-ਭੁੱਚੋ ਮੰਡੀ (ਐਸਸੀ), 92-ਬਠਿੰਡਾ (ਸ਼ਹਿਰੀ), 93-ਬਠਿੰਡਾ (ਦਿਹਾਤੀ) (ਐਸਸੀ), 94-ਤਲਵੰਡੀ ਸਾਬੋ, 95-ਮੌੜ, 96-ਮਾਨਸਾ, 97-ਸਰਦੂਲਗੜ੍ਹ ਅਤੇ 98-ਬੁਢਲਾਡਾ (ਐਸਸੀ) ਚ ਕੁੱਲ 1814 ਪੋਲਿੰਗ ਸਟੇਸ਼ਨ ਹਨ ਅਤੇ ਵੋਟਰਾਂ ਦੀ ਗਿਣਤੀ 16 ਲੱਖ 46 ਹਜ਼ਾਰ 544 ਹੈ। ਇਨ੍ਹਾਂ ਵਿਚ 8 ਲੱਖ 67 ਹਜ਼ਾਰ 891 ਮਰਦ ਵੋਟਰ, 7 ਲੱਖ 78 ਹਜ਼ਾਰ 619 ਔਰਤ ਵੋਟਰ ਹਨ। ਇਸ ਤੋਂ ਇਲਾਵਾ 34 ਟਰਾਂਸਜੈਂਡਰ ਵੋਟਰ ਹਨ। ਇਸ ਦੌਰਾਨ ਉਨ੍ਹਾਂ ਇਹ ਵੀ ਕਿਹਾ ਕਿ ਇਸ ਵਾਰ 18-19 ਸਾਲ ਵਰਗ ਦੇ 37840 ਨਵੇਂ ਨੌਜਵਾਨ ਵੋਟਰ ਪਹਿਲੀ ਵਾਰ ਆਪਣੀ ਵੋਟ ਦਾ ਇਸਤੇਮਾਲ ਕਰਨਗੇ।

ਜ਼ਿਲ੍ਹਾ ਚੋਣ ਅਫ਼ਸਰ ਸ. ਜਸਪ੍ਰੀਤ ਸਿੰਘ ਨੇ ਬਠਿੰਡਾ ਲੋਕ ਸਭਾ ਹਲਕੇ ਚ ਸ਼ਾਮਲ ਹਲਕਾ ਵਾਇਜ਼ ਵੋਟਰਾਂ ਬਾਰੇ ਹੋਰ ਜਾਣਕਾਰੀ ਦਿੰਦਿਆਂ ਦੱਸਿਆ ਕਿ ਬਠਿੰਡਾ ਲੋਕ ਸਭਾ ਹਲਕੇ ਅਧੀਨ ਪੈਂਦੇ ਵਿਧਾਨ ਸਭਾ ਹਲਕਾ ਲੰਬੀ ਚ ਕੁੱਲ ਵੋਟਰ 163952, ਭੁੱਚੋ ਮੰਡੀ ਚ 182835, ਬਠਿੰਡਾ (ਸ਼ਹਿਰੀ) 228438, ਬਠਿੰਡਾ (ਦਿਹਾਤੀ) 158079, ਤਲਵੰਡੀ ਸਾਬੋ 156346, ਮੌੜ 164327, ਮਾਨਸਾ 216201, ਸਰਦੂਲਗੜ੍ਹ 181858 ਅਤੇ ਬੁਢਲਾਡਾ ਚ 194508 ਵੋਟਰ ਸ਼ਾਮਲ ਹਨ।

ਜ਼ਿਲ੍ਹਾ ਚੋਣ ਅਫ਼ਸਰ ਨੇ ਬਠਿੰਡਾ ਲੋਕ ਸਭਾ ਹਲਕੇ ਚ ਪੈਂਦੇ 1814 ਪੋਲਿੰਗ ਬੂਥਾਂ ਬਾਰੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਲੰਬੀ ਚ 177 ਪੋਲਿੰਗ ਬੂਥ ਹਨ। ਇਸੇ ਤਰ੍ਹਾਂ ਭੁੱਚੋ ਮੰਡੀ (ਐਸਸੀ) ਚ 203, ਬਠਿੰਡਾ (ਸ਼ਹਿਰੀ) ਚ 244, ਬਠਿੰਡਾ (ਦਿਹਾਤੀ) (ਐਸਸੀ) 170, ਤਲਵੰਡੀ ਸਾਬੋ ਚ 179, ਮੌੜ ਚ 196, ਮਾਨਸਾ ਚ 223, ਸਰਦੂਲਗੜ੍ਹ ਚ 206 ਅਤੇ ਬੁਢਲਾਡਾ (ਐਸਸੀ) ਚ 216 ਪੋਲਿੰਗ ਬੂਥ ਸ਼ਾਮਲ ਹਨ।

ਇਸ ਮੌਕੇ ਜ਼ਿਲ੍ਹਾ ਚੋਣ ਅਫ਼ਸਰ ਨੇ ਵੋਟ ਦੀ ਮਹੱਤਤਾ ਤੇ ਜ਼ੋਰ ਦਿੰਦਿਆਂ ਕਿਹਾ ਕਿ ਸਾਨੂੰ ਸਭ ਨੂੰ ਭਾਰਤੀ ਲੋਕਤੰਤਰ ਦੀ ਮਜ਼ਬੂਤੀ ਲਈ ਵੱਧ ਤੋਂ ਵੱਧ ਆਪਣੀ ਵੋਟ ਦੇ ਅਧਿਕਾਰ ਦਾ ਸੁਤੰਤਰ, ਨਿਰਪੱਖ, ਸ਼ਾਂਤਮਈ, ਬਿਨਾਂ ਡਰ ਭੈਅ, ਧਰਮ, ਵਰਗ, ਜਾਤੀ, ਭਾਈਚਾਰੇ, ਭਾਸ਼ਾ ਜਾਂ ਕਿਸੇ ਵੀ ਲਾਲਚ ਦੇ ਪ੍ਰਭਾਵ ਤੋਂ ਬਿਨਾਂ ਇਸਤੇਮਾਲ ਕਰਨਾ ਚਾਹੀਦਾ ਹੈ।

ਇਸ ਮੌਕੇ ਜ਼ਿਲ੍ਹਾ ਚੋਣ ਅਫ਼ਸਰ ਨੇ ਵਿਸ਼ੇਸ ਤੌਰ ’ਤੇ ਨੌਜਵਾਨ ਵੋਟਰਾਂ ਅਤੇ ਪਹਿਲੀ ਵਾਰ ਰਜਿਸਟਰ ਹੋਏ ਵੋਟਰਾਂ ਨੂੰ ਅਪੀਲ ਕਰਦਿਆ ਕਿਹਾ ਕਿ ਉਹ ਲੋਕ ਸਭਾ ਚੋਣਾਂ-2024 ਦੌਰਾਨ ਆਪਣੀ ਵੋਟ ਦੇ ਅਧਿਕਾਰ ਦੀ ਲਾਜ਼ਮੀ ਵਰਤੋ ਕਰਨ।

## ਪ੍ਰੋਫ਼ੈਸਰ ਡਾਕਟਰ ਨਿਰਮਲ ਕੌਸ਼ਿਕ ਬਣੇ ਵਿਸ਼ਵ ਬ੍ਰਾਹਮਣ ਪਰਿਸ਼ਦ, ਪੰਜਾਬ ਦੇ ਸਕੱਤਰ।

ਵਰਲਡ ਪੰਜਾਬੀ ਟਾਈਮਜ਼ ਧਰਮ ਪ੍ਰਵਾਨਾਂ



ਫਰੀਦਕੋਟ 25 ਅਪ੍ਰੈਲ : ਵਿਸ਼ਵ ਬ੍ਰਾਹਮਣ ਪਰਿਸ਼ਦ ਰਾਸ਼ਟਰੀ ਕੋਰ ਕਮੇਟੀ ਨੇ ਪੰਜਾਬ ਬ੍ਰਾਹਮਣ ਸਭਾ ਦੇ ਲਈ ਹਿੰਦੀ ਅਤੇ ਸੰਸਕ੍ਰਿਤ ਦੇ ਵਿਦਵਾਨ ਲੇਖਕ ਡਾਕਟਰ ਨਿਰਮਲ ਕੌਸ਼ਿਕ ਨੂੰ ਬਤੌਰ ਸਕੱਤਰ ਨਿਯੁਕਤ ਕੀਤਾ ਡਾਕਟਰ ਨਿਰਮਲ ਕੌਸ਼ਿਕ ਸਰਕਾਰੀ ਬਰਜਿੰਦਰਾ ਕਾਲਜ ਤੋਂ ਸੇਵਾ ਮੁਕਤ ਹੋ ਕੇ ਬ੍ਰਾਹਮਣ ਸਭਾ ਫਰੀਦਕੋਟ, ਭਗਵਾਨ ਪਰਸੂਰਾਮ ਮੰਦਰ ਅਤੇ ਗੁਰੂ ਕੁਲ ਸੰਸਥਾਨ ਵਿੱਚ ਸਰਪਰਸਤ ਦੇ ਤੌਰ ਤੇ ਬ੍ਰਾਹਮਣ ਸਮਾਜ ਦੇ ਉਤਪਾਨ ਅਤੇ ਕਲਿਆਣ ਲਈ ਸੇਵਾ ਨਿਭਾਅ ਰਹੇ ਹਨ ਡਾਕਟਰ ਕੌਸ਼ਿਕ ਜੀ ਵੱਲੋਂ ਤਕਰੀਬਨ 60 ਕਿਤਾਬਾਂ ਹਿੰਦੀ ਪੰਜਾਬੀ ਤੇ ਸੰਸਕ੍ਰਿਤ ਭਾਸ਼ਾ ਵਿੱਚ ਲਿਖ ਕੇ, ਛਪਵਾ ਕੇ ,ਸਾਹਿਤ ਜਗਤ ਨੂੰ ਭੇਟ ਕੀਤੀਆ । ਡਾਕਟਰ ਨਿਰਮਲ ਕੌਸ਼ਿਕ ਵੱਲੋਂ ਵਿਸ਼ਵ ਬ੍ਰਾਹਮਣ ਪਰਿਸ਼ਦ ਅਤੇ ਪੰਜਾਬ ਬ੍ਰਾਹਮਣ ਸਭਾ ਦੇ ਅਹੁਦੇਦਾਰਾਂ ਦਾ ਧੰਨਵਾਦ ਕਰਦਿਆਂ ਹੋਇਆਂ ਵਿਸ਼ਵਾਸ ਦਵਾਇਆ ਕਿ ਜੋ ਜਿੰਮੇਵਾਰੀ ਉਹਨਾਂ ਨੂੰ ਸੌਂਪੀ ਗਈ ਹੈ,ਉਹ ਉਸ ਨੂੰ ਨਿਭਾਉਣ ਦਾ ਭਰਪੂਰ ਤਨੋ ਮਨੋ ਧਨੋ ਯਤਨ ਕਰਨਗੇ ਡਾਕਟਰ ਨਿਰਮਲ ਕੌਸ਼ਿਕ ਜੀ ਨੂੰ ਬ੍ਰਾਹਮਣ ਸਭਾ ਪੰਜਾਬ ਸਕੱਤਰ ਦੀ ਜਿੰਮੇਵਾਰੀ ਮਿਲਣ ਤੇ ਫਰੀਦਕੋਟ ਦੀਆਂ ਬਹੁਤ ਸਾਰੀਆਂ ਸਮਾਜਿਕ ਤੇ ਧਾਰਮਿਕ ਜਥੇਬੰਦੀਆਂ ਦੇ ਆਗੂਆਂ ਐਡਵੋਕੇਟ ਰਾਜ ਕੁਮਾਰ ਗੁਪਤਾ ,ਪ੍ਰਧਾਨ ,ਸਨਾਤਨ ਹਿੰਦੂ ਧਰਮ, ਪ੍ਰਿੰਸੀਪਲ ਸੇਵਾ ਸਿੰਘ ਚਾਵਲਾ ,ਪ੍ਰਧਾਨ ,ਸੀਨੀਅਰ ਸਿਟੀਜਨ ਵੈਲਫੇਅਰ ਐਸੋਸੀਏਸ਼ਨ, ਡਾਕਟਰ ਐਸ. ਐਸ. ਬਰਾੜ ,ਪ੍ਰਧਾਨ ,ਆਦਰਸ਼ ਨਗਰ ਵੈਲਫੇਅਰ ਕਮੇਟੀ, ਦਰਸ਼ਨ ਲਾਲ ਚੁੱਘ , ਪ੍ਰਧਾਨ, ਸੀਨੀਅਰ ਸਿਟੀਜਨ ਵੈਲਫੇਅਰ ਕਲੱਬ, ਰਮੇਸ਼ ਕੁਮਾਰ ਗੇਰਾ, ਪ੍ਰਧਾਨ, ਅਰੋੜਾ ਮਹਾ ਸਭਾ ,ਸੁਖਦੇਵ ਸਿੰਘ ਸ਼ਰਮਾ ,ਪ੍ਰਧਾਨ ,ਬ੍ਰਾਹਮਣ ਸਭਾ ਫਰੀਦਕੋਟ, ਸੁਰੇਸ਼ ਕੁਮਾਰ ਗੋਇਲ, ਪ੍ਰਧਾਨ, ਭਾਰਤ ਵਿਕਾਸ ਪਰਿਸ਼ਦ ਫਰੀਦਕੋਟ, ਗੁਰਚਰਨ ਸਿੰਘ ਭੰਗੜਾ ਕੋਚ ,ਪ੍ਰਧਾਨ, ਨੈਸ਼ਨਲ ਯੂਥ ਵੈਲਫੇਅਰ ਕਲੱਬ, ਰਕੇਸ਼ ਕੁਮਾਰ ਮਿੱਤਲ, ਪ੍ਰਧਾਨ, ਨੈਸ਼ਨਲ ਯੂਥ ਕਲੱਬ, ਦਵਿੰਦਰ ਸਿੰਘ ਪੰਜਾਬ ਮੋਟਰਜ ਪ੍ਰਧਾਨ ਸਿੱਖ ਗੁਰਮਤਿ ਪ੍ਰਚਾਰ, ਡਾਕਟਰ ਗੁਰਿੰਦਰ ਮੋਹਨ ਸਿੰਘ ਇਨਚਾਰਜ ਬਾਬਾ ਫਰੀਦ ਵਿਦਿਅਕ ਅਤੇ ਧਾਰਮਿਕ ਸੰਸਥਾਵਾਂ, ਭੁਪਿੰਦਰ ਸਿੰਘ ਪ੍ਰਧਾਨ ਰੋਜ਼ ਇਨਕਲੇਵ, ਸਰਬਨ ਸਿੰਘ ਗਿੱਲ ,ਪ੍ਰਧਾਨ, ਗੁਰੂ ਨਾਨਕ ਕਲੋਨੀ,ਅਤੇ ਹੋਰ ਅਹਦੇਦਾਰਾਂ ਨੇ ਵਧਾਈਆਂ ਦਿੱਤੀਆਂ।

## ਸਿਰਜਣਹਾਰੇ ?

ਚਲੋ ਬਣਾਈਏ ਚਰਚ, ਮੰਦਰ ਤੇ ਮਸਜਿਦ, ਗੁਰੂਦੁਆਰੇ।
ਐਨੇ ਵਿੱਚ ਨ੍ਹੀ ਸਰਨਾ ਦੇਈਏ ਮੜ੍ਹ ਸੋਨੇ ਵਿੱਚ ਸਾਰੇ।

ਅਪਣੇ ਅਸੀ ਬਣਾ ਹੀ ਲਏ ਨੇ ਸ਼ਰਮ ਭੋਰਾ ਹੁਣ ਕਰੀਏ,
ਅੱਲਾ, ਗੋਡ, ਵਾਹਿਗੁਰੂ, ਭਗਵਨ ਬੇਘਰ ਹਨ ਵਿਚਾਰੇ।

ਵਿੱਚ ਟਿਕਾਈਏ ਅਤੇ ਸਜਾਈਏ ਅਪਣੀਆਂ ਸਿਰਜੀਆਂ ਚੀਜਾਂ,
ਉੱਚੀ-ਉੱਚੀ ਗਾਈਏ "ਇਹ ਸ੍ਰਿਸ਼ਟੀ ਦੇ ਸਿਰਜਣਹਾਰੇ।"

ਆਪਣੇ ਧੁਰ ਅੰਦਰ ਦੀ ਪਰ ਨਾ ਨਿਰਖ, ਪਰਖ ਕੋਈ ਕਰੀਏ,
ਕੌਣ ਬੋਲਦੈ ਜਾਂ ਬੁਲਵਾਉਂਦੈ ਇਸ ਦੇਹੀ ਵਿਚਕਾਰੇ।

ਬਾਹਲ਼ਾ ਸਿਆਣਾ ਬਣ ਨਾ ਰੋਮੀ ਗੱਲ ਪਤੇ ਦੀ ਕਰਕੇ,
ਪਿੰਡ ਘੜਾਮੇਂ ਕਿਧਰੇ ਪੈ ਨਾ ਜਾਣ ਮਾਮਲੇ ਭਾਰੇ।

ਸੋਧੇ, ਫਤਵੇ, ਛੇਕ-ਛਕਈਏ ਸਹਿਣ ਤੈਥੋਂ ਨ੍ਹੀ ਹੋਣੇ,
ਰੋਲ਼ੂ ਜਦੋਂ ਪੁਜਾਰੀ ਲਾਣਾ ਸਰਕਾਰੇ ਦਰਬਾਰੇ।

ਪਰ ਜੇ ਜ਼ਿੰਦਗੀ ਜਿਉਂ ਨ੍ਹੀ ਹੁੰਦੀ ਗੂੰਗਾ, ਬੋਲ਼ਾ ਬਣ ਕੇ,
ਚਾਹੁੰਨੈ ਤੇਰੀ ਗੱਲ ਵੀ ਆਖਿਰ ਲੱਗੇ ਕਿਸੇ ਕਿਨਾਰੇ।

'ਜਬ ਲਗੁ ਦੁਨੀਆ ਰਹੀਐ ਨਾਨਕ ਕਿਛੁ ਸੁਣੀਐ ਕਿਛੁ ਕਹੀਐ',
ਪੜ੍ਹੀਂ ਧਿਆਨ ਨਾਲ਼ ਬਾਬਾ ਜੀਹਨੇ ਬੋਲ ਇਹ ਪ੍ਰਚਾਰੇ।




ਵਰਲਡ ਪੰਜਾਬੀ ਟਾਈਮਜ਼
ਰੋਮੀ ਘੜਾਮੇਂ ਵਾਲ਼ਾ

## ਸਬਰ

ਜਬਰ ਇਤਨਾ ਹੈ ਕਿ ਕਿਸੀ
ਚੀਜ਼ ਨੂੰ ਤਰਸੇ ਨਹੀਂ।
ਬੇਸਬਰ ਇਤਨਾ ਕਿ ਤੈਨੂੰ ਪਾ ਕੇ ਵੀ ਸਬਰ ਨਹੀਂ ਹੈ।

ਜਿਸ ਅਹਿਸਾਸ ਨੂੰ ਸ਼ਬਦ ਨਹੀਂ ਮਿਲੇ।
ਉਸ ਤੋਂ ਖੂਬਸੂਰਤ ਕੋਈ ਅਹਿਸਾਸ ਨਹੀਂ।

ਖਾਹਿਸ਼ਾਂ ਦਾ ਕਾਫ਼ਲਾ ਵੀ ਬਹੁਤ ਅਜ਼ੀਬ ਹੈ।
ਅਕਸਰ ਉੱਥੇ ਹੀ ਲੰਘਦਾ ਹੈ
ਜਿਥੇ ਰਾਸਤਾ ਨ ਹੋਵੇ।


ਸਦਾ ਪਹਿਲੇ ਸਥਾਨ ਤੇ ਹੀ ਰਹੇ ਮੁਸਕਰਾਨੇ ਵਿਚ।
ਸਹਿਯੋਗ ਕਰਨ ਵਿਚ ਪਹਿਲੇ ਅਤੇ ਮਾਫ਼ੀ ਮੰਗਣ ਵਿਚ ਵੀ ਪਹਿਲੇ।
ਲੋਕ ਪਾਣ ਵਾਸਤੇ ਮੁਹੱਬਤ ਕਰਦੇ ਹਨ।
ਹਮ ਨੇ ਨਿਭਾਣ ਵਾਸਤੇ ਤੈਨੂੰ
ਚਾਹਿਆ ਹੈ।

ਇਸ਼ਕ ਤਾਂ ਹੈ ਜਦੋਂ ਸ਼ਾਮ ਨੂੰ
ਮਿਲਣ ਦਾ ਵਾਧਾ ਕਰਾਂ।
ਹੋਰ ਉਹ ਦਿਨ ਭਰ ਸੂਰਜ ਦੇ ਹੋਣੇ ਦਾ ਅਫਸੋਸ ਕਰੇ।

ਕਿਸੇ ਦੇ ਸੁਖ ਤੋਂ ਜ਼ਿਆਦਾ
ਕਿਸੇ ਦੇ ਦੁਖ ਵਿਚ ਰਹਿਨਾ
ਮੋਹੱਬਤ ਹੈ।

ਇਕ ਉਹ ਵੀ ਸ਼ਖਸ਼ ਹੈ ਜੋ
ਸਮਝਦਾ ਸੀ ਮੈਨੂੰ।
ਕਿਤਨਾ ਸਮਝਾਇਆ ਹੋਵੇਗਾ।
ਕਿਸੀ ਉਸੇ ਹੁਣ ਉਹ ਵੀ ਸਮਝਦਾਰ ਹੋ ਗਿਆ।

ਜਿਥੇ ਰਹੇਗਾ ਉਹ ਰੋਸ਼ਨੀ
ਲੁਟਾਏਗਾ।
ਕਿਸੀ ਚਿਗਾਰ ਦਾ ਅਪਨਾ ਮਹਿਕਾ ਨਹੀਂ ਹੁੰਦਾ।




ਵਰਲਡ ਪੰਜਾਬੀ ਟਾਈਮਜ਼
ਸੁਰਜੀਤ ਸਾਰੰਗ

## ਰਾਜ ਸਵੱਦੀ ਦੀਆਂ ਸਭ ਕਹਾਣੀਆ ਦਾ ਸੰਗ੍ਰਿਹ – ਜ਼ਿੰਦਗੀ ਵਿਕਦੀ ਨਹੀਂ

ਵਰਲਡ ਪੰਜਾਬੀ ਟਾਈਮਜ਼
ਗੁਰਭਜਨ ਗਿੱਲ


ਰਾਜਿੰਦਰ ਰਾਜ਼ ਸਵੱਦੀ ਕਮਾਲ ਦਾ ਇਨਸਾਨ ਤੇ ਕਹਾਣੀਕਾਰ ਸੀ ਉਸ ਦੇ ਬਾਬਲ ਗਿਆਨੀ ਬੀਰ ਸਿੰਘ ਫਰੀਡਮ ਫਾਈਟਰ ਸਨ। ਮਾਤਾ ਬਸੰਤ ਕੌਰ ਦੇ ਪੁੱਤਰ ਰਾਜ ਦੇ ਬੇਟੇ ਰਾਜਦੀਪ ਸਿੰਘ ਤੂਰ ਨੇ ਬਾਪ ਦੀ ਅਦਬੀ ਵਿਰਾਸਤ ਸੰਭਾਲੀ ਹੈ। ਇਹ ਕਿਤਾਬ ਰਾਜ ਦੀਆਂ ਸਭ ਕਹਾਣੀਆਂ ਦਾ ਸੰਗ੍ਰਹਿ ਹੈ ਜੋ ਹੁਣੇ ਹੀ ਚੇਤਨਾ ਪ੍ਰਕਾਸ਼ਨ ਲੁਧਿਆਣਾ ਨੇ ਪ੍ਰਕਾਸ਼ਤ ਕੀਤੀ ਹੈ।

ਰਾਜ ਅਧਿਆਪਕ ਸੀ। ਪਿੰਡ ਸਵੱਦੀ ਕਲਾਂ (ਲੁਧਿਆਣਾ ਵਿੱਚ ਉਹ 14-10-1943 ਨੂੰ ਪੈਦਾ ਹੋਇਆ ਕੇ 7 – 11 – 1993 ਨੂੰ ਸਰਵਿਸ ਦੌਰਾਨ ਹੀ ਅਲਵਿਦਾ ਕਹਿ ਗਿਆ। ਉਨ੍ਹਾਂ ਦੀਆਂ ਕਿਤਾਬਾਂ ਵਿੱਚ

1 " ਹਵਾੜ " 1964 'ਚ ( ਕਹਾਣੀ ਸੰਗ੍ਰਹਿ )

2 " ਜ਼ਿੰਦਗੀ ਦਾ ਚਿਹਰਾ " 1967 'ਚ ( ਕਹਾਣੀ ਸੰਗ੍ਰਹਿ ) ਸਨ।

ਆਪਣੇ ਸਮੇਂ 1961- 62 'ਚ ਹਾਣੀ, ਸੁਤੰਤਰ, ਮੇਲ ਮਿਲਾਪ, ਕੋਹਿਨੂਰ, ਕੁੰਦਨ ਮੈਗਜ਼ੀਨ , ਰੋਜ਼ਾਨਾ ਕੌਮੀ ਦਰਦ, ਅਕਾਲੀ ਪੱਤ੍ਰਿਕਾ ਆਦਿ ਅਖਬਾਰਾਂ ਵਿੱਚ ਉਹਨਾ ਦੀਆਂ ਕਹਾਣੀਆਂ , ਕਵਿਤਾਵਾਂ , ਲੇਖ ਵਗੈਰਾ ਛਪਦੇ ਰਹੇ ਹਨ । ਉਹਨਾ ਦੀ ਪਹਿਲੀ ਕਹਾਣੀਆਂ ਦੀ ਕਿਤਾਬ " ਹਵਾੜ " 1964 ਵਿੱਚ ਦਰਬਾਰ ਪਬਲੀਸ਼ਿੰਗ ਹਾਉਸ ਅੰਮ੍ਰਿਤਸਰ ਵੱਲੋਂ ਪ੍ਰਕਾਸ਼ਿਤ ਹੋਈ । ਉਹਨਾ ਦਾ ਦੂਸਰਾ ਕਹਾਣੀ ਸੰਗ੍ਰਹਿ " ਜ਼ਿੰਦਗੀ ਦਾ ਚਿਹਰਾ " 1967 ਵਿੱਚ ਸਾਹਿਤ ਸੰਗਮ ਚੰਡੀਗੜ੍ਹ ਵੱਲੋਂ ਪ੍ਰਕਾਸ਼ਿਤ, ਤੇ ਲਾਹੌਰ ਆਰਟ ਪ੍ਰੈਸ ਲੁਧਿਆਣਾ ਵੱਲੋਂ ਪ੍ਰਿੰਟ ਕੀਤਾ ਗਿਆ । ਉਹਨਾ ਦੀ ਕਵਿਤਾਵਾਂ ਦੀ ਕਿਤਾਬ " ਭਰੋ ਕੋਈ ਹੁੰਗਾਰਾ " ਵੀ ਲੱਗਭੱਗ ਤਿਆਰ ਸੀ, ਪਰ ਉਸ ਨੂੰ ਛਪਵਾਉਣ ਦੀ ਰੀਝ ਆਪਣੇ ਮਨ ਅੰਦਰ ਹੀ ਲੈ ਕੇ ਉਹ ਇਸ ਫਾਨੀ ਸੰਸਾਰ ਨੂੰ ਅਲਵਿਦਾ ਆਖ ਗਏ । ਬੇਟੇ ਦਾ ਧਨਵਾਦ ਬਣਦਾ ਹੈ ਜਿਸ ਨੇ ਸਾਡੇ ਮਿੱਤਰ ਦੀ ਸਿਰਜਣਾ ਸੰਭਾਲੀ ਹੈ।




## ਪਵਣੁ ਗੁਰੂ

ਵਰਲਡ ਪੰਜਾਬੀ ਟਾਈਮਜ਼
ਮੰਗਤ ਸਿੰਘ ਲੌਂਗੋਵਾਲ




ਤਿੰਨ ਤੱਤ ਕੁਦਰਤ ਦੇ ਜੀਵਾਂ ਲਈ ਬੜੇ ਅਹਿਮ ਨੇ ਹਵਾ, ਪਾਣੀ, ਧਰਤੀ। ਇਹ ਤੱਤ ਅਜਿਹੀਆਂ ਕੁਦਰਤੀ ਸ਼ਕਤੀਆਂ ਹਨ ਜਿਨਾਂ ਦਾ ਆਦਿ ਅੰਤ ਪਾਉਣਾ ਨਾਮੁਮਕਿਨ ਹੈ। ਅਸੀ ਇਹਨਾਂ ਸ਼ਕਤੀਆਂ ਬਾਰੇ ਸਿਰਫ ਜਾਣ ਸਕਦੇ ਹਾਂ ਇਹਨਾਂ ਨੂੰ ਮਾਣ ਸਕਦੇ ਹਾਂ ਪਰ ਇਹਨਾਂ ਦਾ ਅੰਤ ਨਹੀਂ ਪਾ ਸਕਦੇ। ਇਹਨਾਂ ਤਾਕਤਾਂ ਨੂੰ ਲਗਭਗ ਸਾਰੇ ਮਹਾਨ ਪੁਰਖਾ ਨੇ ਬੜਾ ਨੇੜਿਓਂ ਤੱਕਿਆ ਤੇ ਜਾਣਿਆ ਵੀ ਪਰ ਕੋਈ ਵਿਰਲਾ ਹੀ ਇਹਨਾਂ ਦੀ ਸਹੀ ਪਰਿਭਾਸ਼ਾ ਦੇ ਨੇੜੇ ਪਹੁੰਚ ਸਕਿਆ ਹੈ ਦੁਨੀਆਂ ਦੇ ਇੱਕ ਮਹਾਨ ਰਹਿਬਰ ਨੇ ਇਹਨਾਂ ਤਾਕਤਾਂ ਨੂੰ ਬਹੁਤ ਨੇੜਿਓਂ ਤੱਕ ਕੇ ਅਜਿਹੀ ਸਦੀਵੀਂ ਪਰਿਭਾਸ਼ਾ ਦਿੱਤੀ ਜਿਹੜੀ ਆਦਿਕਾਲ ਤੋਂ ਲੈ ਕੇ ਪਰਲੋ ਤੱਕ ਕੋਈ ਨਹੀਂ ਦੇ ਸਕਦਾ। ਉਹ ਹਨ ਆਦਿ ਗੁਰੂ

।। ਪਵਣੁ ਗੁਰੂ .................................ਕੇਤੀ ਛੁਟੀ ਨਾਲਿ।।
(ਜਪੁਜੀ ਸਾਹਿਬ)

ਮਾਂ ਦੇ ਗਰਭ ਵਿੱਚੋਂ ਬਾਹਰ ਨਿਕਲਣ ਤੋਂ ਲੈ ਕੇ ਮਰਨ ਤੱਕ ਬੰਦਾ ਲਗਾਤਾਰ ਦਿਨ ਰਾਤ ਹਰ ਘੜੀ, ਹਰ ਪਲ, ਸਾਹ ਲੈਂਦਾ ਰਹਿੰਦਾ ਹੈ । ਸਾਹ ਰਾਹੀਂ ਅੰਦਰ ਜਾਣ ਵਾਲੀ ਸ਼ੈ ਹੈ, ਹਵਾ। ਇਹ ਇਨ੍ਹਾਂ ਕੀਮਤੀ ਤਤ ਹੈ ਜੋ ਸਾਨੂੰ ਜਿਉਂਦੇ ਰਹਿਣ ਲਈ ਸਭ ਤੋਂ ਜਰੂਰੀ ਹੈ। ਉਸ ਨੂੰ ਸਤਿਕਾਰਨ ਅਤੇ ਪ੍ਰੀਭਾਸ਼ਤ ਕਰਨ ਲਈ ਇੱਕ ਢੁਕਵਾਂ ਸ਼ਬਦ ਲੱਭਣਾ ਉਨ੍ਹਾਂ ਹੀ ਮੁਸ਼ਕਲ ਕੰਮ ਹੈ ਜਿੰਨਾ ਕਿ ਸਮੁੰਦਰ ਦੀ ਗਹਿਰਾਈ ਨੂੰ ਮਾਪਣਾ, ਬਰਸਾਤ ਸਮੇਂ ਆਸਮਾਨ ਵਿੱਚੋਂ ਡਿੱਗ ਰਹੀਆਂ ਬੂੰਦਾਂ ਦੀ ਗਿਣਤੀ, ਬਹਾਰ ਵਿੱਚ ਖਿੜੇ ਫੁੱਲ, ਸੂਰਜ ਦੀਆਂ ਕਿਰਨਾਂ, ਸ਼ਿਵਜੀ ਦੀ ਸਮਾਧੀ ,ਰੇਤ ਦੇ ਕਿਣਕਿਆਂ ਦੀ ਗਿਣਤੀ ਕਰਨੀ। ਭੋਜਨ ਕੱਪੜੇ ਹੋਰ ਤਮਾਮ ਚੀਜ਼ਾਂ ਹਨ ਜਿਨ੍ਹਾਂ ਤੋਂ ਬਿਨਾਂ ਮਨੁੱਖ ਰਹਿ ਵੀ ਸਕਦਾ ਹੈ ਪਰ ਹਵਾ (ਸਾਹ ) ਤੋਂ ਬਿਨਾਂ ਪਲ ਭਰ ਵੀ ਜਿਉਂ ਨਹੀਂ ਸਕਦਾ। ਇਧਰ ਸਾਹ ਬੰਦ ਉਧਰ ਸਰੀਰ ਮਿੱਟੀ ਦਾ ਢੇਰ ।

ਇਸੇ ਤੱਤ ਨੂੰ ਸੰਸਾਰ ਦੇ ਆਦਿ ਗੁਰੂ , ਗੁਰੂ ਨਾਨਕ ਸਾਹਿਬ ਨੇ ਗੁਰੂ ਕਰਕੇ ਸੰਬੋਧਨ ਕੀਤਾ ਹੈ । ਗੁਰੂ ਗਿਆਨ , ਵਿਸ਼ਾਲਤਾ ਅਤੇ ਪਰਮ ਤਤ ਵਿੱਚ ਨਿਪੁੰਨਤਾ ਦਾ ਨਾਮ ਕਹਿ ਸਕਦੇ ਹਾਂ। ਗੁਰੂ, ਆਤਮਾ ਦੀ ਪਰਮਾਤਮਾ ਵਿੱਚ ਅਭੇਦਤਾ ਏਕਤਾ ਦਾ ਨਾਮ ਹੈ । ਸੰਪਰਦਾਈ ਗਿਆਨੀ ਗੁਰੂ ਸ਼ਬਦ ਗੁ+ਰੂ ਸੰਧੀ ਸੇਧ ਕਰਕੇ ਗੁ ਹਨੇਰਾ ਅਤੇ ਰੂ ਚਾਨਣ ਅਰਥ ਕਰਦੇ ਹੋਏ ਕਹਿੰਦੇ ਹਨ ਕਿ ਗੁਰੂ ਅਗਿਆਨਤਾ ਵਿੱਚੋਂ ਕੱਢ ਕੇ ਗਿਆਨ ਦਾ ਪ੍ਰਕਾਸ਼ ਕਰਦਾ ਹੈ। ਭਾਈ ਕਾਨ੍ਹ ਸਿੰਘ ਨਾਭਾ ਜੀ ਕਹਿੰਦੇ ਹਨ ਗੁਰੂ ,ਗਿਆਨ ਅਤੇ ਹਿਤ ਉਪਦੇਸ਼ਤਾ ਦਾ ਨਾਮ ਹੈ। ਗੁਰੂ ਹਨੇਰੇ ਨੂੰ ਦੂਰ ਕਰਕੇ ਗਿਆਨ ਦਾ ਪ੍ਰਕਾਸ਼ ਕਰ ਦੇਣ ਵਾਲੀ ਸੈਅ ਹੈ ।ਇਸ ਤੋਂ ਇਲਾਵਾ ਗੁਰੂ ਬਾਰੇ ਗੁਰਬਾਣੀ ਵਿੱਚ ਤਮਾਮ ਪਰਮਾਣ ਮਿਲ ਜਾਂਦੇ ਹਨ।
ਹਵਾ ਨੂੰ ਇੰਨੇ ਭਾਰੇ ਵੱਡੇ ਵਜ਼ਨਦਾਰ ਸ਼ਬਦ ਨਾਲ ਸੰਬੋਧਨ ਕਰਨ ਪਿੱਛੇ ਗੁਰੂ ਸਾਹਿਬ ਦਾ ਜਿੱਥੇ ਕੁਦਰਤ ਨਾਲ ਪਿਆਰ ਬਿਆਨ ਕਰਦਾ ਹੈ ਉੱਥੇ ਸੰਸਾਰ ਦੇ ਲੋਕਾਂ ਨੂੰ ਕੁਦਰਤ ਪ੍ਰਤੀ ਵਫਾਦਾਰ ,ਇਮਾਨਦਾਰ ਅਤੇ ਸਚਿਆਰ ਬਣਨ ਦਾ ਵੱਡਾ ਉਪਦੇਸ਼ (ਗੁਰ) ਹੈ।

ਪ੍ਰਾਣ ਉਹ ਸ਼ਕਤੀ ਹੈ ਜਿਸ ਦੀ ਬਦੌਲਤ ਅਸੀਂ ਜਿਉਂਦੇ ਹਾਂ ਜਾਂ ਫਿਰ ਜਿਸ ਦੇ ਨਿਕਲਣ ਤੋਂ ਬਾਅਦ ਮਨੁੱਖ ਮੁਰਦਾ ਹੋ ਜਾਂਦਾ ਹੈ।
ਪ੍ਰਾਣ ਹਵਾ ਦਾ ਹੀ ਰੂਪ ਹਨ । ਜਦੋਂ ਕੋਈ ਮਨੁੱਖ ਇਹ ਗੱਲ ਆਖਦਾ ਹੈ ਕਿ ਜੇਕਰ ਰੱਬ ਦਾ ਰੂਪ ,ਰੰਗ ,ਨਸਲ, ਭੇਦ, ਅਕਾਰ ਨਹੀ, ਤਾਂ ਉਸਨੂੰ ਕਿਉਂ ਮੰਨੀਏ ? ਤਾਂ ਸਮਝੋ ਕਿ ਜੇਕਰ ਤੁਸੀਂ ਪ੍ਰਾਣਾਂ ਨੂੰ ਦੇਖ ਲਿਆ ਤਾਂ ਰੱਬ ਨੂੰ ਵੀ ਦੇਖ ਲਿਆ ਪ੍ਰਾਣਾਂ ਦਾ ਵੀ ਰੰਗ ਰੂਪ ਨਸਲ ਆਕਾਰ ਭੇਦ ਨਹੀਂ ਪਰ ਹੈ ਜਰੂਰ ਨੇ । ਸਮੁੱਚੇ ਸੰਸਾਰ ਦੇ ਸਰੀਰਾਂ ਸਾਜਾਂ ਆਦਿਕ ਰਾਹੀਂ ਪੈਦਾ ਹੋਣ ਵਾਲੀ ਧੁਨੀ, ਜੀਵਾਂ ਦੀਆਂ ਆਵਾਜ਼ਾਂ ,ਰਾਗ , ਨਾਦ ਸਭ ਦਾ ਆਧਾਰ ਹੈ- ਹਵਾ । ਜੇਕਰ ਹਵਾ ਨਾ ਹੋਵੇ ਕਿਸੇ ਵੀ ਤਰ੍ਹਾਂ ਦੀ ਕੋਈ ਵੀ ਆਵਾਜ਼ ਪੈਦਾ ਨਾ ਹੋਵੇ ਨਾ ਸ਼ਬਦ ਇਕ ਥਾਂ ਤੋਂ ਦੂਸਰੀ ਥਾਂ ਜਾ ਸਕਣ। ਜਿਵੇਂ ਗੁਰੂ ਗਿਆਨ ਬਿਨਾਂ ਆਤਮਾ ਮੁਰਦਾ ਹੈ ਉਵੇਂ ਹਵਾ ਬਿਨਾਂ ਪ੍ਰਾਣਾ ਬਿਨਾਂ ਸਰੀਰ ਵੀ ਮੁਰਦਾ ਹੈ । ਹੱਡ ਮਾਸ ਨਾੜੀਆਂ ਲਹੂ ਦੇ ਬਣੇ ਹੋਏ ਇਸ ਸਰੀਰ ਵਿੱਚ ਜੀਵਨ ਜਾਨ ਭਰਨ ਵਾਲੀ ਹਵਾ ਹੀ ਹੈ। ਸਰੀਰ ਨੂੰ ਬਣਾਉਣ ਵਾਲੇ ਪੰਜਾਂ ਤੱਤਾਂ ਚੋਂ ਪਹਿਲਾ ਤੱਤ ਵੀ ਹਵਾ ਹੈ। ਸ਼ਬਦ ਦੀ ਉਤਪੱਤੀ ਵੀ ਹਵਾ ਤੋਂ ਹੀ ਹੈ। ਇਸ ਲਈ ਪਹਿਲੀ ਸਟੇਜ ਵਿੱਚ ਸ਼ਬਦ ਪ੍ਰਾਪਤੀ ਤੋਂ ਪਹਿਲਾਂ ਅਚੇਤ ਅਵਸਥਾ ਵਿੱਚ ਹਰੇਕ ਜੀਵਨ ਨੂੰ ਸਧਾਰਨ ਗਿਆਨ ਹਵਾ ਰਾਹੀਂ ਹੀ ਹੁੰਦਾ ਹੈ। ਜਿਵੇਂ ਪਸ਼ੂ ਨੂੰ ਪਾਣੀ ਪਿਆਉਣ ਲਈ ਵਰਤੀ ਜਾਂਦੀ ਬੁਸਕਰ ਛੀ ਛੀ ਆਦਿ ਭਾਵੇਂ ਕੋਈ ਅਰਥ ਨਹੀਂ ਰੱਖਦਾ ਪਰ ਉਸਦਾ ਮਤਲਬ ਗਾਂ ਜਰੂਰ ਸਮਝ ਜਾਂਦੀ ਹੈ। ਉਹ ਹਵਾ ਰਾਹੀ ਪੈਦਾ ਹੋਣ ਵਾਲੀ ਮੁਸ਼ਕਲ ਹੀ ਹੈ ਜਿਸ ਰਾਹੀਂ ਇੱਕ ਪਸ਼ੂ ਸਮਝ ਜਾਂਦਾ ਹੈ ਕਿ ਉਸਨੂੰ ਪਾਣੀ ਪੀਣ ਲਈ ਕਿਹਾ ਜਾ ਰਿਹਾ ਹੈ। ਹਵਾ ਮਨੁੱਖ ਨੂੰ ਉਸੇ ਤਰ੍ਹਾਂ ਪਾਲਦੀ ਹੈ ਜਿਵੇਂ ਗੁਰੂ ਆਪਣੇ ਸਿੱਖ ਨੂੰ, ਮਾਂ ਆਪਣੇ ਬੱਚੇ ਨੂੰ, ਜਿਵੇਂ ਗੁਰੂ ਅਧਿਆਤਮਕ ਗਿਆਨ ਬਖਸ਼ ਕੇ ਆਤਮਿਕ ਤੌਰ ਤੇ ਜਿਉਂਦਾ ਰੱਖਦਾ ਹੈ । ਉਸੇ ਤਰ੍ਹਾਂ ਸਰੀਰਕ ਤੌਰ ਤੇ ਹਵਾ ਸਾਨੂੰ ਜਿਉਂਦਾ ਰੱਖਦੀ ਹੈ ।ਜਿੰਨਾ ਸਮਾਂ ਸਾਹ ਚੱਲ ਰਹੇ ਨੇ ਉਦੋਂ ਤੱਕ ਹੀ ਮਨੁੱਖ ਜਿੰਦਾ ਹੈ। ਇੰਝ ਹਵਾ ਰਾਹੀਂ ਹਰ ਪਲ, ਘੜੀ ਘੜੀ ਪਾਲਣ ਕਰਕੇ ਗੁਰੂ ਨਾਨਕ ਸਾਹਿਬ ਜੀ ਨੇ ਹਵਾ ਨੂੰ ਪਵਣ ਗੁਰੂ ਕਰਕੇ ਸੰਬੋਧਨ ਕੀਤਾ ਹੈ।

## ਕਿਤਾਬਾਂ ਨਾਲ ਯਾਰੀ ਚੰਗੀ ਤੇ ਸਾਹਿਤਕਾਰਾਂ ਨਾਲ ਪਿਆਰ, ਇਨ੍ਹਾਂ ਦੀ ਸੰਗਤ ਕਦੇ ਨਾ ਛੱਡੀਏ , ਕਰੀਏ ਇਨ੍ਹਾਂ ਦਾ ਸਤਿਕਾਰ।

ਵਰਲਡ ਪੰਜਾਬੀ ਟਾਈਮਜ਼
ਅੰਜੂ ਅਮਨ ਗਰੋਵਰ

ਹਰ ਸਾਲ 23 ਅਪ੍ਰੈਲ ਨੂੰ ਦੁਨੀਆ ਭਰ ਵਿਚ 'ਵਰਲਡ ਬੁੱਕ ਡੇਅ' ਮਨਾਇਆ ਜਾਂਦਾ ਹੈ। ਇਸ ਦਿਨ ਨੂੰ ਵਿਸ਼ਵ ਪੁਸਤਕ ਤੇ ਕਾਪੀਰਾਈਟ ਡੇਅ ਵੀ ਕਿਹਾ ਜਾਂਦਾ ਹੈ। ਇਸ ਸਾਲ ਅਸੀਂ 29 ਵਾ ਵਿਸ਼ਵ ਪੁਸਤਕ ਦਿਵਸ ਮਨਾ ਰਹੇ ਹਾਂ। ਵਿਸ਼ਵ ਪੁਸਤਕ ਦਿਵਸ ਨੂੰ ਕਿਤਾਬਾਂ ਪੜ੍ਹਨ, ਪ੍ਰਕਾਸ਼ਨ ਤੇ ਸਾਹਿਤ ਲਿਖਣ ਅਤੇ ਪੜ੍ਹਨ ਨੂੰ ਹੱਲਾਸ਼ੇਰੀ ਦੇਣ ਲਈ ਮਨਾਇਆ ਜਾਂਦਾ ਹੈ। ਕਿਤਾਬਾਂ ਸਾਡੀ ਜ਼ਿੰਦਗੀ ਦਾ ,ਸੱਭਿਆਚਾਰਕ ਵਿਰਸੇ ਦਾ, ਸਾਹਿਤ ਦਾ ਅਹਿਮ ਹਿੱਸਾ ਹਨ। ਕਿਤਾਬਾਂ ਸਾਡਾ ਵਡਮੁੱਲਾ ਖਜ਼ਾਨਾ ਤੇ ਜ਼ਿੰਦਗੀ ਦਾ ਅਹਿਮ ਹਿੱਸਾ ਹੁੰਦੀਆਂ ਹਨ। ਇਹ ਨਾ ਸਿਰਫ਼ ਸਾਡਾ ਗਿਆਨ ਵਧਾਉਂਦੀਆਂ ਹਨ ਬਲਕਿ ਇਕੱਲੇਪਣ 'ਚ ਸੱਚੇ ਮਿੱਤਰ ਦੀ ਭੂਮਿਕਾ ਵੀ ਨਿਭਾਉਂਦੀਆਂ ਹਨ। ਪੜ੍ਹਨ ਦੀ ਆਦਤ ਪਾਉਣ ਲਈ ਹੀ ਵਰਲਡ ਬੁੱਕ ਡੇਅ ਹਰ ਸਾਲ UNESCO ਵੱਲੋਂ ਮਨਾਇਆ ਜਾਂਦਾ ਹੈ।
ਯੂਨੈਸਕੋ ਨੇ 23 ਅਪ੍ਰੈਲ 1995 ਨੂੰ ਵਰਲਡ ਬੁੱਕ ਡੇਅ ਮਨਾਉਣ ਦੀ ਸ਼ੁਰੂਆਤ ਕੀਤੀ ਸੀ।
ਚੀਨ ਦੇ ਲੋਕ ਆਖਦੇ ਹਨ ਕਿ ਕਿਤਾਬ ਦੇ ਅੰਦਰ ਸੋਨੇ ਦਾ ਘਰ ਪਿਆ ਹੁੰਦਾ ਹੈ। ਇਸੇ ਤਰ੍ਹਾਂ ਆਈਸਲੈਂਡ ਦੀ ਕਹਾਵਤ ਹੈ ਕਿਤਾਬ ਵਿਹੂਣੇ ਹੋਣ ਨਾਲੋਂ ਜੁੱਤੀ ਵਿਹੂਣੇ ਹੋਣਾ ਬਿਹਤਰ ਹੈ। ਹੰਗਰੀ ਦੇ ਲੋਕ ਆਖਦੇ ਹਨ ਕਿ *ਕਿਤਾਬ ਖਾਮੋਸ਼ ਗੁਰੂ ਹੁੰਦੀ ਹੈ।

ਵਰਲਡ ਬੁੱਕ ਡੇਅ ਵਾਲੇ ਦਿਨ ਯੂਨੈਸਕੋ ਤੇ ਉਸ ਦੇ ਹੋਰ ਸਹਿਯੋਗੀ ਸੰਗਠਨ ਆਗਾਮੀ ਸਾਲ ਲਈ ਵਰਲਡ ਬੁੱਕ ਕੈਪੀਟਲ ਦੀ ਚੋਣ ਕਰਦੇ ਹਨ। ਇਸ ਦਾ ਉਦੇਸ਼ ਇਹ ਹੁੰਦਾ ਹੈ ਕਿ ਅਗਲੇ ਇਕ ਸਾਲ ਲਈ ਕਿਤਾਬਾਂ ਦੇ ਆਸ-ਪਾਸ ਪ੍ਰੋਗਰਾਮ ਕਰਵਾਏ ਜਾਣ। ਉਂਝ ਦੁਨੀਆ ਭਰ ਵਿਚ ਵਰਲਡ ਬੁੱਕ ਡੇਅ ਮਨਾਉਣ ਦਾ ਮਕਸਦ ਇਹੀ ਹੈ ਕਿ ਲੋਕਾਂ ਨੂੰ ਕਿਤਾਬਾਂ ਦੀ ਅਹਿਮੀਅਤ ਬਾਰੇ ਪਤਾ ਚੱਲੇ। ਪੈਰਿਸ ਵਿਚ ਯੂਨੈਸਕੋ ਦੀ ਇਕ ਆਮ ਸਭਾ ਵਿਚ ਫ਼ੈਸਲਾ ਲਿਆ ਗਿਆ ਸੀ ਕਿ ਦੁਨੀਆ ਭਰ ਦੇ ਲੇਖਕਾਂ ਦਾ ਸਨਮਾਨ ਤੇ ਸ਼ਰਧਾਂਜਲੀ ਦੇਣ ਤੇ ਕਿਤਾਬਾਂ ਪ੍ਰਤੀ ਰੁਚੀ ਜਾਗ੍ਰਿਤ ਕਰਨ ਲਈ ਹਰ ਸਾਲ 23 ਅਪ੍ਰੈਲ ਨੂੰ ਵਿਸ਼ਵ ਪੁਸਤਕ ਦਿਵਸ ਮਨਾਇਆ ਜਾਵੇਗਾ। ਇਸ ਦਿਵਸ ਜ਼ਰੀਏ ਦੁਨੀਆ ਭਰ ਵਿਚ ਸਾਖਰਤਾ ਨੂੰ ਹੱਲਾਸ਼ੇਰੀ ਦੇਣਾ ਵੀ ਹੈ।
ਮੇਰੀ ਇਕ ਗ਼ਜ਼ਲ ਵਿਸ਼ਵ ਪੁਸਤਕ ਦਿਵਸ ਨੂੰ ਸਮਰਪਿਤ।

### ਗ਼ਜ਼ਲ

ਮੇਰੇ ਸ਼ਹਿਰ ਜਦੋਂ ਵੀ ਆਈਂ।
ਮੈਨੂੰ ਮਿਲੇ ਬਿਨਾਂ ਨਾ ਜਾਈਂ।

ਲੈ ਆਵੀਂ ਗ਼ਜ਼ਲਾਂ ਦੀ ਪੁਸਤਕ,
ਉਸ ਵਿੱਚੋ ਤੂੰ ਸ਼ਿਅਰ ਸੁਣਾਈਂ।

ਸੁਹਣੇ ਸੁਹਣੇ ਸ਼ਿਅਰ ਸੁਣਾ ਕੇ,
ਸ਼ਬਦਾਂ ਸੰਗ ਮੇਰੀ ਸਾਂਝ ਪੁਆਈਂ।

ਹਾਲ ਤੂੰ ਪੁੱਛੀਂ ਦਿਲ ਮੇਰੇ ਦਾ,
ਆਪਣਾ ਵੀ ਤੂੰ ਹਾਲ ਸੁਣਾਈਂ।

ਭੁੱਲ ਨਾ ਜਾਵੀਂ ਕਰਕੇ ਵਾਅਦਾ,
ਮਰਦੇ ਦਮ ਤੱਕ ਸਾਥ ਨਿਭਾਈਂ।

ਬਾਤ ਜਦੋਂ ਵੀ ਪਾਏ 'ਅੰਜੂ',
ਤੂੰ ਹੁੰਗਾਰਾ ਭਰਦਾ ਜਾਈਂ।

